# <u>ਵਡੀਆਂ ਭੇਣਾ ਕੁਝ ਨਹੀਂ ਲੇਣਾ</u>

**(ਮੇਰਾ ਇਹ ਗੀਤ -ਜੋ ਹੁਣੇ ਹੁਣੇ ਲਿਖਿਆ ਹੈ -ਮੇਰੀ ਵੱਡੀ ਭੇਣ ਨੂੰ ਸਮਰਪਿਤ ਹੈ ਜੋ ਕੇਂਸਰ ਦੀ ਭਿਆਨਕ ਬਿਮਾਰੀ ਨਾਲ ਜੂਝ ਰਹੀ ਹੈ )**

ਵਡੀਆਂ ਭੇਣਾ ਕੁਝ ਨਹੀਂ ਲੇਣਾ

ਝੁਕ ਕੇ ਆਖੋ ਪੇਰੀਂ ਪੇਨਾਂ

ਦੇਵਣ ਖੂਬ ਦੁਆਵਾਂ

ਛੋਟੇ ਵੀਰ ਨੂੰ ਵੱਡੀਆਂ ਭੇਣਾ

ਪਿਆਰਣ ਵਾਂਗਰ ਮਾਵਾਂ ]

ਝੋਲੀ ਵਿਚ ਬਿਠਾ ਕੇ ਵੀਰਾ

ਦਿੱਤੀਆਂ ਝੂਟੇ ਮਾਈਆ

ਵੀਰੇ ਜੇਕਰ ਵਾਲ ਵੀ ਪੁੱਟੇ

ਹੱਸੀਆਂ ਵਾਂਗ ਸੁਦਾਈਆ

ਵੀਰੇ ਦੇ ਲਈ ਵੱਡੀਆਂ ਭੇਣਾਂ

ਅਮਬਰ ਵਿਚੋਂ ਆਈਆ ]

ਛੋਟੇ ਵੀਰ ਨੂੰ ਕੰਡਾ ਚੁਭਿਆ

ਦੋੜ ਕੇ ਪੇਕੇ ਆਈਆ ਸੀ

ਵੀਰੇ ਨੂੰ ਜੇ ਆਈ ਤਰੇਲੀ

ਮਨਤਾਂ ਲਖ ਮਨਾਈਆਂ ਸੀ

ਰਖੜੀ ਤੇ ਜੇ ਹਸ ਕੇ ਬੋਲੋ

ਫੁਲੀਆਂ ਨਹੀਂ ਸਮੋਂਦੀਆਂ ਨੇ

ਵੀਰੇ ਦਾ ਜੇ ਫੋਨ ਆ ਜਾਵੇ

ਗੀਤ ਵੀਰ ਦੇ ਗੋਂਦੀਆਂ ਨੇ ]

ਕਦੇ ਕਦੇ ਵੀਰੇ ਹੀ ਭੁੱਲਦੇ

ਭੇਣਾਂ ਦਾ ਸਿਰਨਾਵਾਂ

ਮਾਂ ਦੇ ਮਗਰੋਂ ਵੱਡੀਆਂ ਭੇਣਾ

ਕਰਦੀਆਂ ਸਿਰ ਤੇ ਛਾਵਾਂ

ਵਡੀਆਂ ਭੇਣਾ ਕੁਝ ਨਹੀਂ ਲੇਣਾ

ਝੁਕ ਕੇ ਆਖੋ ਪੇਰੀਂ ਪੇਨਾਂ

ਦੇਵਣ ਖੂਬ ਦੁਆਵਾਂ

ਛੋਟੇ ਵੀਰ ਨੂੰ ਵੱਡੀਆਂ ਭੇਣਾ

ਪਿਆਰਣ ਵਾਂਗਰ ਮਾਵਾਂ ]